ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-2 ਸ਼ਾਖਾ)

D.m. (MIS)
DGSE

## ਹੁਕਮ

ਜਿਵੇਂ ਕਿ ਸਿਵਲ ਰਿੱਟ ਪਟੀਸ਼ਨ ਨੰ: 23731 ਆਫ 2013 ਮਮਤਾ ਪੁੱਤਰੀ ਸ੍ਰੀ ਜਗਦੀਸ਼ ਰਾਏ, ਮੁੱਖ-ਅਧਿਆਪਕਾ, ਸਰਕਾਰੀ ਹਾਈ ਸਕੂਲ, ਭੁਲਾਣਾ ਜਿਲ੍ਹਾ ਕਪੂਰਥਲਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰਨਾਂ ਦੇ ਕੇਸ ਵਿੱਚ ਪਟੀਸਨਰਾਂ, ਜੋ ਕਿ ਇਸ ਵੇਲੇ ਬਤੌਰ ਮੁੱਖ-ਅਧਿਆਪਕ/ਮੁੱਖ-ਅਧਿਆਪਕਾਵਾਂ ਵਜੋਂ ਕੰਮ ਕਰ ਰਹੇ ਹਨ, ਨੇ ਮੁੱਖ-ਅਧਿਆਪਕਾ ਦੀ ਸੀਨੀਆਰਤਾ ਨੂੰ ਚੈਲੰਜ ਕਰਦੇ ਹੋਏ ਕਲੇਮ ਕੀਤਾ ਹੈ ਕਿ ਉਨ੍ਹਾਂ ਦੀ ਮੁੱਖ-ਅਧਿਆਪਕਾਂ ਦੇ ਕਾਡਰ ਵਿੱਚ ਸੀਨੀਆਰਤਾ ਵਿਭਾਗੀ ਚੋਣ ਕਮੇਟੀ ਵੱਲੋਂ ਤਿਆਰ ਕੀਤੀ ਗਈ ਮੈਰਿਟ ਦੇ ਆਧਾਰ ਤੇ ਪੰਜਾਬ ਸਟੇਟ ਐਜੂਕੇਸਨ ਕਲਾਸ-3( ਸਕੂਲ ਕਾਡਰ) ਸੇਵਾ ਨਿਯਮਾਂਵਲੀ, 1978 ਦੇ ਨਿਯਮ ਅਨੁਸਾਰ ਤਿਆਰ ਕੀਤੀ ਜਾਵੇ।

2. ਜਿਵੇਂ ਕਿ ਦਫਤਰੀ ਰਿਕਾਰਡ ਅਨੁਸਾਰ ਸਾਲ 2006 ਵਿੱਚ ਸੀ.ਡੈਕ ਰਾਹੀਂ ਮੁੱਖ-ਅਧਿਆਪਕਾਂ ਦੀਆਂ 431 ਆਸਾਮੀਆਂ ਸਿੱਧੀ ਭਰਤੀ ਰਾਹੀਂ ਭਰੀਆਂ ਗਈਆਂ ਸਨ। ਸਰਕਾਰ ਦੀਆਂ ਉਸ ਵੇਲੇ ਦੀਆਂ ਹਦਾਇਤਾਂ ਅਨੁਸਾਰ ਚੁਣੇ ਗਏ ਉਮੀਦਵਾਰਾਂ ਦੇ ਨਿਯੁਕਤੀ ਪੱਤਰ ਵਿੱਚ ਸਰਤ ਨੰ: 15 ਦਰਜ ਕੀਤੀ ਗਈ ਸੀ ਜੋ ਹੇਠ ਲਿਖੇ ਅਨੁਸਾਰ ਹੈ:-

"He/She will not be paid any TA/DA for joining the place of posting.
He/She will not be entitled to any benefit, whatsoever, under the existing pension/ family pension scheme. The provisions of new contributory pension scheme to be notified by the govt. shall be applicable to him/ her."

ਜਿਵੇਂ ਕਿ ਉਮੀਦਵਾਰ ਜੋ ਪਹਿਲਾਂ ਸਰਕਾਰੀ ਸੇਵਾ ਵਿੱਚ ਨਹੀਂ ਸਨ ਨੇ ਡਿਊਟੀ ਜੁਆਇੰਨ ਕਰ ਲਈ ਸੀ, ਪਰੰਤੂ ਜੋ ਪਹਿਲਾਂ ਵਿਭਾਗ ਵਿੱਚ ਬਤੌਰ ਮਾਸਟਰ ਜਾਂ ਕਿਸੇ ਹੋਰ ਆਸਾਮੀ ਤੇ ਨਿਯਮਤ ਤੌਰ ਤੇ ਕੰਮ ਕਰ ਰਹੇ ਸਨ, ਨੇ ਪੈਨਸਨ ਦਾ ਲਾਭ ਨਾਂ ਮਿਲਣ ਕਾਰਨ ਮਿਥੇ ਸਮੇਂ ਅੰਦਰ ਹਾਜਰੀ ਨਹੀਂ ਸੀ ਦਿੱਤੀ। ਉਮੀਦਵਾਰਾਂ ਨੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸਨ ਨੰ: 19697 ਆਫ 2006 ਦਾਇਰ ਕਰਕੇ ਉਪਰੋਕਤ ਸਰਤ ਨੂੰ ਚੈਲਿੰਜ ਕੀਤਾ ਸੀ। ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਆਪਣੇ ਹੁਕਮ ਮਿਤੀ 12-12-2006 ਰਾਹੀਂ ਉਪਰੋਕਤ ਰਿੱਟ ਪਟੀਸਨ ਦੇ ਪਟੀਸਨਰਾਂ ਨੂੰ ਨਿਯੁਕਤੀ ਪੱਤਰ ਪ੍ਰਵਾਨ ਕਰਨ ਲਈ ਹੁਕਮ ਇਸ ਸਰਤ ਅਧੀਨ ਦਿੱਤੇ ਕਿ ਉਕਤ ਸਰਤ ਪ੍ਰਭਾਵਤ ਨਹੀਂ ਹੋਵੇਗੀ।

3. ਜਿਵੇਂ ਕਿ ਵਿੱਤ ਵਿਭਾਗ ਨੇ ਆਪਣੇ ਪੱਤਰ ਨੰ: 6/10/2008- 6 ਐਫ.ਪੀ.ਪੀ.ਸੀ./723, ਮਿਤੀ 24-10-2008 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਕਿ ਪੰਜਾਬ ਸਰਕਾਰ ਦੇ ਜਿਹੜੇ ਕਰਮਚਾਰੀ ਮਿਤੀ 1-1-2004 ਤੋਂ ਪਹਿਲਾਂ ਸਰਕਾਰੀ ਸੇਵਾ ਵਿੱਚ ਸਨ ਅਤੇ ਉਨ੍ਹਾਂ ਦੀ ਨਿਯੁਕਤੀ ਕਿਸੇ ਹੋਰ ਆਸਾਮੀ ਤੇ ਹੋ ਗਈ ਹੋਵੇ ਤਾਂ ਉਨ੍ਹਾਂ ਤੇ New Defined Conributory Pension Scheme' ਲਾਗੂ ਨਹੀਂ ਹੋਵੇਗੀ ਅਤੇ ਉਨ੍ਹਾਂ ਤੇ ਪੁਰਾਣੀ ਪੈਨਸਨ ਸਕੀਮ ਹੀ ਲਾਗੂ ਹੋਵੇਗੀ।

4. ਜਿਵੇਂ ਕਿ ਸਾਲ 2013 ਵਿੱਚ ਮੁੱਖ-ਅਧਿਆਪਕਾਂ ਦੀ ਸੀਨੀਆਰਤਾ ਤਿਆਰ ਕਰਨ ਸਮੇਂ ਅਜਿਹੇ ਚੁਣੇ ਗਏ ਉਮੀਦਵਾਰ, ਜਿਨ੍ਹਾਂ ਨੇ ਸਰਤ ਨੰ: 15 ਕਾਰਨ ਮਿਥੇ ਸਮੇਂ ਅੰਦਰ ਆਪਣੀ ਹਾਜਰੀ ਰਿਪੋਰਟ ਨਹੀਂ ਸੀ ਦਿੱਤੀ ਉਨ੍ਹਾਂ ਨੂੰ ਸੀਨੀਆਰਤਾ ਮੁੱਖ-ਅਧਿਆਪਕ ਦੀ ਆਸਾਮੀ ਤੇ ਜੁਆਇੰਨ ਕਰਨ ਦੀ ਮਿਤੀ ਅਨੁਸਾਰ ਨਿਸਚਿਤ ਕੀਤੀ ਗਈ ਸੀ।

5. ਜਿਵੇਂ ਕਿ ਵਿਭਾਗ ਵੱਲੋਂ ਸ੍ਰੀਮਤੀ ਕੰਵਲਜੋਤ ਕੌਰ, ਮੁੱਖ-ਅਧਿਆਪਕਾ, ਸਰਕਾਰੀ ਹਾਈ ਸਕੂਲ, ਗੜ੍ਹੇ( ਲੁਧਿਆਣਾ) ਅਤੇ ਸ੍ਰੀ ਹਰਜਿੰਦਰ ਸਿੰਘ, ਮੁੱਖ-ਅਧਿਆਪਕ, ਸਰਕਾਰੀ ਹਾਈ ਸਕੂਲ, ਨੰਗਲ,

O/o DGSE Cum SPD
Sarva Shiksha Abhiyan Authority (Pb)
Computer Diary
No. 1972 Dated 15/1/15

ਸੰਗਰੂਰ ਨੂੰ ਸੀਨੀਆਰਤਾ ਦਾ ਲਾਭ ਵਿਭਾਗੀ ਚੋਣ ਕਮੇਟੀ ਵੱਲੋਂ ਬਣਾਈ ਗਈ ਮੈਰਿਟ ਤੇ ਆਧਾਰ ਤੇ ਦਿੱਤਾ ਗਿਆ ਸੀ। ਸ੍ਰੀਮਤੀ ਕੰਵਲਜੋਤ ਕੌਰ ਵੱਲੋਂ ਸਿਵਲ ਰਿੱਟ ਪਟੀਸ਼ਨ ਦਾਇਰ ਕਰਕੇ ਸੋਧੇ ਨਿਯੁਕਤੀ ਪੱਤਰ ਦੀ ਮੰਗ ਕੀਤੀ ਗਈ ਸੀ ਜੋ ਕਿ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਡਿਸਪੋਜ ਆਫ ਕਰ ਦਿੱਤੀ ਗਈ ਕਿ ਪਟੀਸ਼ਨਰ ਦਾ ਲੀਗਲ ਨੋਟਿਸ ਵਿਚਾਰਿਆ ਜਾਵੇ। ਪਟੀਸ਼ਨਰ ਦੇ ਲੀਗਲ ਨੋਟਿਸ ਨੂੰ ਵਿਚਾਰਦੇ ਹੋਏ ਸਰਕਾਰ ਦੇ ਹੁਕਮ ਮਿਤੀ 10-7-2012 ਰਾਹੀਂ ਸੋਧਿਆ ਨਿਯੁਕਤੀ ਪੱਤਰ ਜਾਰੀ ਕਰ ਦਿੱਤਾ ਗਿਆ। ਉਸ ਨਿਯੁਕਤੀ ਪੱਤਰ ਵਿੱਚ ਸ਼ਰਤ ਨੰ: 17 ਅਨੁਸਾਰ ਸ੍ਰੀਮਤੀ ਕੰਵਲਜੋਤ ਕੌਰ ਨੂੰ ਸੀਨੀਆਰਤਾ ਅਤੇ ਨੋਸ਼ਨਲ ਪੇ ਫਿਕਸੇਸ਼ਨ ਦਾ ਲਾਭ ਦੇ ਦਿੱਤਾ ਗਿਆ। ਇਸੇ ਤਰ੍ਹਾਂ ਇੱਕ ਹੋਰ ਮੁੱਖ-ਅਧਿਆਪਕ ਸ੍ਰੀ ਚਰਨਜੀਤ ਸਿੰਘ ਨੂੰ ਵੀ ਇਹ ਲਾਭ ਸੋਧੇ ਨਿਯੁਕਤੀ ਪੱਤਰ ਮਿਤੀ 11-1-2013 ਰਾਹੀਂ ਵੀ ਸਿਵਲ ਰਿੱਟ ਪਟੀਸ਼ਨ ਨੰ: 7365 ਆਫ 2014 ਅਨੁਸਾਰ ਦਿੱਤਾ ਗਿਆ ਸੀ।

6. ਹੁਣ ਡੀ.ਪੀ.ਆਈ (ਸੈਸਿ), ਪੰਜਾਬ ਵੱਲੋਂ ਸਿੰਗਲ ਫਾਈਲ ਰਾਂਹੀ ਪ੍ਰਾਪਤ ਤਜਵੀਜ ਨੰ 963 ਮਿਤੀ 24.09.2014 ਦੇ ਸਨਮੁੱਖ ਇਸ ਮਾਮਲੇ ਨੂੰ ਨਿਯਮਾਂ ਦੀ ਰੋਸ਼ਨੀ ਵਿੱਚ ਮੁੜ ਵਿਚਾਰਿਆ ਗਿਆ ਹੈ। ਨਿਯਮਾਂ ਅਨੁਸਾਰ ਸਿੱਧੀ ਭਰਤੀ ਰਾਹੀਂ ਨਿਯੁਕਤ ਹੋਏ ਕਰਮਚਾਰੀਆਂ ਦੀ ਆਪਸੀ ਸੀਨੀਆਰਤਾ ਰਿਕਰੂਟਿੰਗ ਏਜੰਸੀ ਵੱਲੋਂ ਤਿਆਰ ਕੀਤੀ ਗਈ ਮੈਰਿਟ ਦੇ ਆਧਾਰ ਤੇ ਨਿਸ਼ਚਿਤ ਕੀਤੀ ਜਾਂਦੀ ਹੁੰਦੀ ਹੈ। ਇਸ ਲਈ ਸਾਲ 2006 ਵਿੱਚ ਸਿੱਧੀ ਭਰਤੀ ਰਾਹੀਂ ਨਿਯੁਕਤ ਹੋਈ ਮੁੱਖ ਅਧਿਆਪਕ/ ਮੁੱਖ ਅਧਿਆਪਕਾਂ ਦੀ ਆਪਸੀ ਸੀਨੀਆਰਤਾ ਉਨ੍ਹਾ ਦੀ ਸਿਲੈਕਸ਼ਨ ਮੈਰਿਟ ਅਨੁਸਾਰ ਇਸ ਸ਼ਰਤ ਅਧੀਨ ਨਿਸਚਿਤ ਕੀਤੀ ਜਾਵੇਗੀ ਕਿ ਕਿਸੇ ਵੀ ਮੁੱਖ ਅਧਿਆਪਕ/ ਮੁੱਖ ਅਧਿਆਪਕਾਂ ਨੂੰ ਤਿਆਰ ਕੀਤੀ ਜਾਣ ਵਾਲੀ ਸੀਨੀਆਰਤਾ ਦੇ ਆਧਾਰ ਤੇ ਮਿਲਣ ਵਾਲੇ ਲਾਭ ਨੌਸ਼ਨਲ ਆਧਾਰ ਤੇ ਮਿਲਣਯੋਗ ਹੋਣਗੇ ਅਤੇ ਕਿਸੇ ਵੀ ਸੂਰਤ ਵਿੱਚ ਤਨਖਾਹ ਦਾ ਬਕਾਇਆ ਆਦਿ ਨਹੀਂ ਦਿੱਤਾ ਜਾਵੇਗਾ।

ਮਿਤੀ,ਚੰਡੀਗੜ੍ਹ
05.01.2015

ਸੀ.ਰਾਓਲ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੱਠ ਅੰਕਣ ਨੰ: 1/377/2014-5ਸਿ2/ 88 9193/-15 ਮਿਤੀ,ਚੰਡੀਗੜ੍ਹ: 12/01-/2015

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਨੂੰ ਉਨ੍ਹਾਂ ਦੇ ਨੋਟ ਮਿਤੀ 23.09.2014 ਦੇ ਹਵਾਲੇ ਵਿੱਚ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ। ਸਿਵਲ ਰਿੱਟ ਪਟੀਸ਼ਨ ਨੰ: 23731 ਆਫ 2013 ਦਾ ਜੁਆਬ-ਦਾਅਵਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਮੇਂ-ਸਿਰ ਦਾਇਰ ਕੀਤਾ ਜਾਵੇ।

2) ਐਡਵੋਕੇਟ ਜਨਰਲ, ਪੰਜਾਬ, ਚੰਡੀਗੜ੍ਹ।

3) ਡਾਇਰੈਕਟਰ, ਜਰਨਲ ਸਕੂਲ ਸਿੱਖਿਆ, ਪੰਜਾਬ ਨੂੰ ਸਿੱਖਿਆ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕਰਨ ਹਿੱਤ।

ਸੁਪਰਡੰਟ 12-1-15

ਅੰਦਰੂਨੀ ਵੰਡ:-

ਰਿਕਾਰਡਰ ਸਿੱਖਿਆ-2 ਸਾਖਾ